29354 G.351

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਮੰਗਲ

ਨਮੋ ਰੋਗ ਹਰਤਾ ॥ ਨਮੋ ਰਾਗ ਰੂਪੇ ॥
ਨਮੋ ਸਾਹ ਸਾਹੰ ॥ ਨਮੋ ਭੂਪ ਭੂਪੇ ॥
ਨਮੋ ਦਾਨ ਦਾਨੇ ॥ ਨਮੋ ਮਾਨ ਮਾਨੇ ॥
ਨਮੋ ਰੋਗ ਰੋਗੇ ॥ ਨਮਸਤੰ ਸਨਾਨੇ ॥ ਪਏ ॥ਜਾਪੁ॥

ਅਕਾਲ ਪੁਰਖ ਵਾਹਿਗੁਰੂ ਜੀ ਦੀ ਬੇਅੰਤ ਰਚਨਾ ਹੈ, ਏਸ ਦੇ ਅੰਦਰ ਹਰ ਇਕ ਤਰ੍ਹਾਂ ਦੀ ਰੰਗ ਬਰੰਗੀ ਸ੍ਰਿਸ਼ਟੀ ਸਾਜਕੇ ਖੇਡ ਰਚਾਕੇ ਆਪ ਵਖਰਾ ਬੈਠਕੇ ਵੇਖ ਰਹਿਆ ਹੈ, ਏਸ ਦੁਨੀਆਂ ਅੰਦਰ ਹਰ ਇਕ ਚੀਜ ਦੇ ਮੁਕਾਬਲੇ ਤੇ ਉਸਦੇ ਉਲਟ ਦੂਜੀ ਚੀਜ਼ ਮਿਲ ਸਕਦੀ ਹੈ, ਜਿਸ ਤਰ੍ਹਾਂ ਜ਼ਹਰ ਦੇ ਉਲਟ ਅੰਮ੍ਰਿਤ, ਰੋਗ ਦੇ ਉਲਟ ਦਵਾਈ, ਗ਼ੀਬੀ ਤੇ ਅਮੀਰੀ, ਬੇਮੁਖ ਤੇ ਸਨਮੁਖ, ਕੁਸੰਗੀ ਤੇ ਸਤਸੰਗੀ। ਗੱਲ ਕੀ ਹਰ ਪਾਸੇ ਭਲੇ ਬੁਰੇ ਦਾ ਮੁਕਾਬਲਾ ਨਜ਼ਰ ਆਵੇਗਾ। ਹਾਂ! ਏਹ ਗੱਲ ਵੱਖਰੀ ਹੈ ਕਿ ਕਿਸੇ ਨੂੰ ਤਾਂ ਸੱਪ ਵਾਂਗ ਜ਼ਾਹਰ ਹੀ ਲੱਭਾ ਹੈ, ਉਹ ਸਦਾ ਜ਼ੇਹਰ ਹੀ ਉਗਲਦਾ ਹੈ ਅਤੇ ਜਿਨ੍ਹਾਂ ਨੂੰ ਦੇਵਤਿਆਂ ਵਾਂਗ ਅੰਮ੍ਰਿਤ ਮਿਲਿਆ ਹੈ ਉਹੋ ਅੰਮ੍ਰਿਤ ਹੀ ਵੰਡਦੇ ਹਨ, ਏਸੇ ਤਰ੍ਹਾਂ ਹਰ

LAHORE

ਦੇ ਵਾਕ ਅਨੁਸਾਰ ਉਨ੍ਹਾਂ ਦਾ ਸੁਭਾਵ ਬਦਲ ਜਾਣਾ ਕੋਈ ਵੱਡੀ ਗੱਲ ਨਹੀਂ, ਗੁਰੂ ਜੀ ਨੇ ਕੌਡੇ ਰਾਖਸ਼ ਤੇ ਸਜਨ ਠੱਗ ਆਦਿ ਅਨੇਕਾਂ ਨੂੰ ਸਤਿਨਾਮ ਜਪਾਯਾ ਹੈ, ਸਾਡਾ ਅਸਲ ਸਿਧਾਂਤ ਮੁਕਾਬਲੇ ਤੋਂ ਹੈ, ਕਿਉਂਕਿ ਅਸਾਂ ਜੋਹੜੀ ਕਹਾਣੀ ਸ਼ੁਰੂ ਕਰਨੀ ਹੈ, ਉਹ ਮੁਕਾਬਲਾ ਹੈ। ਇਕਪਾਸੇ ਕੁਸੰਗੀ ਹਨ, ਦੂਸਰੇ ਬੰਨੇ ਸਾਡੇ ਸਾਰੇ ਕਿੱਸੇ ਦਾ ਆਧਾਰ ਸ੍ਰੀ ਮਤੀ ਬੀਬੀ ਰਾਜ ਕੌਰ ਜੀ ਸਤਸੰਗਨ । ਬਸ ! ਏਹੋ ਗੱਲ ਹੈ ਜਿਸ ਕਰਕੇ ਪਾਠਕਾਂ ਨੂੰ ਪਹਿਲੇ ਮੁਕਾਬਲੇ ਦੀ ਗੱਲ ਪੜ੍ਹਨ ਦਾ ਸਮਾ ਮਿਲਿਆ ਹੈ। ਹੁਣ ਅਸੀਂ ਆਪਣੀ ਕਲਮ ਦੀਆਂ ਵਾਗਾਂ ਅਸਲ ਗੱਲ ਵੱਲ ਮੋੜਦੇ ਹਾਂ, ਹੋਰ ਹਾਲ ਲਿਖਣ ਤੋਂ ਪਹਿਲਾਂ ਅਸੀਂ ਪਾਠਕਾਂ ਨੂੰ ਮਾਝੇ ਦੀ ਸੈਰ ਕਰਾਉਣਾ ਚਾਹੁੰਦੇ ਹਾਂ, ਅਰਥਾਤ ਅਸੀਂ ਅਸਲ ਵਾਕਯਾਤ ਦੇ ਥਾਂ ਟਿਕਾਣੇ ਦਾ ਵਰਨਨ ਕਰਕੇ ਦੱਸ ਦੇਣਾ ਜ਼ਰੂਰੀ ਸਮਝਦੇ ਹ। ਜੋ—
ਸੂਰਜ ਪ੍ਰਕਾਸ਼ ਵਿਚ ਭਾਈ ਸੰਤੋਖ ਸਿੰਘ ਜੀ ਨੇ ਇਸ ਤਰ੍ਹਾਂ ਕਥਨ ਕੀਤਾ ਹੈ:—

ਮਾਝੇ ਦੇਸ ਪੁਰੀ ਇਕ ਅਹੈ ॥
ਪੱਟੀ ਨਾਮ ਜਿਸੀ ਕੋ ਕਹੈ ॥
ਤਹਿੰ ਕੋ ਨ੍ਰਿਪ ਲਘੁ ਰਾਜ ਕਰੰਤਾ ॥
ਤੁਰਕਨ ਕੇ ਅਨੁਸਾਰ ਰਹੰਤਾ ॥
ਤਿਸ ਗ੍ਰਿਹ ਸੁਤਾ ਪੰਚ* ਜਨਮਾਈ ॥

*ਪੰਥ ਪੰਥ ਪ੍ਰਕਾਸ਼ ਵਿਚ ੪, ਗੁਰਪੁਰ ਪ੍ਰਕਾਸ਼ ਵਿਚ ੭ ਕਥਨ ਕੀਤੀਆਂ ਹਨ ਅਤੇ ਤਵਾਰੀਖ ਗੁਰੂ ਖਾਲਸਾ

ਇਕ ਚੀਜ਼ ਵਾਹਿਗੁਰੂ ਦੀ ਦਾਤ ਹੈ, ਕੁਸੰਗਤ ਵੀ ਤੇ ਸਤਿਸੰਗਤ ਵੀ। ਪਰ ਇਹ ਕੋਈ ਜ਼ਰੂਰੀ ਨਹੀਂ ਕਿ ਕੁਸੰਗੀ ਦੇ ਘਰ ਸਤਸੰਗੀ ਪੈਦਾ ਨ ਹੋਵੇ ਤੇ ਸਤਸੰਗੀ ਦੇ ਕੁਸੰਗੀ। ਦੇਖੋ ਹਰਨਾਖਸ ਕੁਸੰਗੀ ਸੀ, ਉਸ ਦੇ ਘਰ 'ਪ੍ਰਹਿਲਾਦ' ਸਤਸੰਗੀ ਪੈਦਾ ਹੋਇਆ, ਭਗਤੀ ਕੀਤੀ ਕਸ਼ਟ ਸਹਾਰੇ ਤੇ ਅੰਤ ਨੂੰ ਜਿੱਤ ਪ੍ਰਾਪਤ ਕੀਤੀ। ਦੂਸਰੇ ਸਤਸੰਗੀ ਦੇ ਘਰ ਕੁਸੰਗੀ, ਦੇਖੋ ਪੁਲਸਤ ਰਿਖੀ ਦੇ ਖਾਨਦਾਨ ਅੰਦਰ 'ਰਾਵਨ' ਪੈਦਾ ਹੋਇਆ ਜੋ ਖਾਨਦਾਨੀ ਵਿਦਿਆ ਹੋਣ ਕਰਕੇ ਸੰਸਕ੍ਰਿਤ ਦਾ ਮਹਾਨ ਪੰਡਤ ਹੋਣ ਤੇ ਵੀ ਕੁਸੰਗੀ ਸੀ। ਜੈਸਾ ਕਿ ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਪਵਿਤ੍ਰ ਵਾਕ ਹੈ:—

ਦੈਂਤ ਸੁਤ ਭਗਤ ਪ੍ਰਗਟ ਪ੍ਰਹਿਲਾਦ ਭਏ,
ਦੇਵਸੁਤ ਜਗ ਮੈ ਸ਼ਨੀਚਰ ਬਖਾਨੀਐ ॥
ਮਧੁਪੁਰ ਬਾਸੀ ਕੰਸ ਅਧਮ ਅਸੁਰ ਭਏ,
ਲੰਕਾਬਾਸੀ ਸੇਵਕ ਬਭੀਖਨ ਪਛਾਨੀਐ ॥
ਸਾਗਰ ਗੰਭੀਰ ਬਿਖੇ ਬਿਖਿਆ ਪ੍ਰਗਾਸ ਭਈ,
ਅਹਿ ਮਸਤਕ ਮਣਿ ਉਦੈ ਉਨਮਾਨੀਐ।
ਬਰਨ ਸਥਾਨ ਲਘੁ ਦੀਰਘ ਜਤਨ ਕਰੈ,
ਅਕਥ ਕਥਾ ਬਿਨੋਦ ਬਿਸਮਨ ਜਾਨੀਐ ॥ ੪੦੭ ।

(ਕਬਿਤ, ਭਾਈ ਗੁਰਦਾਸ ਜੀ)

ਫਿਰ ਨਾਲ ਲਗਦੀ ਏਹਿ ਗੱਲ ਵੀ ਜ਼ਰੂਰੀ ਹੈ ਕਿ— ਉਨ੍ਹਾਂ ਦਾ ਵੱਸ ਕੁਛ ਨਹੀਂ, ਉਨ੍ਹਾਂ ਨੂੰ ਲੱਭਾ ਹੀ ਏਹੋ ਕੁਛ ਹੁੰਦਾ ਹੈ ਓਹੁ ਆਪਨੀ ਆਦਤ ਨੂੰ ਆਪ ਨੇ ਆਪ ਨਹੀਂ ਬਦਲ ਸਕਦੇ। ਪਰ ਹਾਂ 'ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸ ਕਰੇ॥'

ਬਧਤ ਆਰਬਲ ਰੂਪ ਸੁਹਾਈ ॥
ਸੁੰਦਰ ਅੰਗ ਰੰਗ ਤਨ ਗੋਰਾ ॥
ਕਮਲ ਲੋਚਨੀ ਉਰਜ ਕਠੋਰਾ ॥
ਤਿਨ ਮਹੁ ਏਕ ਹੁਤੀ ਸਤਸੰਗਨ ॥
ਅਲਪ ਆਰਬਲ ਕੋਮਲ ਅੰਗਨ ॥

(ਸ੍ਰੀ ਪ੍ਰਾ ਰਾਸ ੨ ਧਿ: ੩੪)

ਅਰਥਾਤ ਲਾਹੌਰ ਦੇ ਸੂਬੇ ਦੇ ਅਧੀਨ ਪੱਟੀ ਵਿੱਚ ਇਕ ਜਗੀਰਦਾਰ ਖੱਤ੍ਰੀ ਸੀ, ਉਸਦੇ ਘਰ ਪੰਜ ਧੀਆਂ ਵਾਹਿਗੁਰੂ ਦੀ ਦਾਤ ਸਨ, ਜਿਨਾਂ ਵਿਚੋਂ ਸਭ ਤੋਂ ਛੋਟੀ ਸਤ ਸੰਗਨ ਸੀ। ਹੁਣ ਤਾਂ ਪਾਠਕ ਸਮਝ ਗਏ ਹੋਣਗੇ ਕਿ ਅਸੀਂ ਪੱਟੀ ਦੀ ਰਾਜ ਕੁਮਾਰੀ ਦਾ ਬ੍ਰਿਤਾਂਤ ਉਨ੍ਹਾਂ ਦੀ ਨਜ਼ਰ ਗੋਚਰੇ ਕਰਨ ਲੱਗੇ ਹਾਂ। ਏਹਿ ਕੁਮਾਰੀ ਅਕਲ ਸ਼ਕਲ ਤੇ ਵਿਦਿਆ ਨਾਲ ਭਰਪੂਰ ਸੀ ਏਸ ਦੇ ਮੁਕਾਬਲੇ ਤੇ ਦੂਸਰੀਆਂ ਭੈਣਾਂ ਵੀ ਸੁੰਦਰਤਾ ਵਿਚ ਘੱਟ ਨਹੀਂ, ਪਰ ਉਹ ਬਾਹਰਲੀ

ਸਫਾ ੬੩੦ ਉਤੇ ਪੰਜ ਤੇ ਸੂਰਜ ਪ੍ਰਕਾਸ਼ ਵਿੱਚ ਵੀ ਪੰਜ, ਰਜਨੀ ਨਾਟਕ ਵਿੱਚ ਬੇਦੀ ਕਾਕਾ ਸਿੰਘ ਬੀ. ਏ. ਨੇ ਵੀ ਪੰਜ ਹੀ ਲਿਖੀਆਂ ਹਨ। ਏਸ ਵਾਸਤੇ ਅਸੀਂ ਵੀ ਪੰਜ ਹੀ ਲਿਖੀਆਂ ਹਨ। ਸੂਰਜ ਪ੍ਰਕਾਸ਼ ਵਿਚ ਇਸਦੇ ਪਿਤਾ ਨੂੰ ਰਾਜਾ ਅਤੇ ਤਵਾਰੀਖ ਵਿਚ ਮਾਫੀਦਾਰ ਲਿਖਿਆ ਹੈ। ਸੰਖੇਪ ਇਤਿਹਾਸ ਸ੍ਰੀ ਅੰਮ੍ਰਿਤਸਰ ਜੀ ਵਿਚ ਸ: ਸਵਾਇਆ ਸਿੰਘ ਜੀ ਨੇ ਭੀ ਪੰਜ ਹੀ ਲਿਖੀਆਂ ਹਨ।

ਸੁੰਦਰਤਾ ਨੂੰ ਹੀ ਵੱਡਾ ਗੁਣ ਮੰਨਦੀਆਂ ਸਨ, ਏਸੇ ਵਾਸਤੇ ਸਾਰਾ ਦਿਨ ਬਨਾਓ ਸ਼ਿੰਗਾਰ ਅੰਦਰ ਲੱਗੀਆਂ ਰਹਿੰਦੀਆਂ ਸਨ। ਹੱਸਨ ਖੇਡਨ ਤੇ ਮਨਪਰਚਾਵੇ ਤੋਂ ਬਿਨਾਂ ਉਨ੍ਹਾਂ ਦਾ ਹੋਰ ਕੰਮ ਹੀ ਕੋਈ ਨਹੀਂ, ਕਿਉਂਕਿ ਉਹ ਰਾਜ ਮਦ ਅੰਦਰ ਮਸਤ ਸਨ। ਰਾਜ ਘਰ ਜਨਮ ਹੈ, ਰਾਜ ਘਰਾਣੇ ਅੰਦਰ ਪ੍ਰਨਾਈਆਂ ਜਾਣ ਦੀ ਸੰਭਾਵਨਾ ਹੈ ਏਸ ਵਾਸਤੇ ਕੰਮ ਕਾਜ ਤਾਂ ਕਿਤੇ ਰਿਹਾ, ਓਹ ਵਿਦਿਆ ਤੋਂ ਵੀ ਲਪੋਟ ਸੰਖ ਹੀ ਸਨ।

ਪਰ ਰਾਜਕੌਰ ਏਸ ਤੋਂ ਉਲਟ ਵਿਦਵਾਨ ਤੇ ਗਿਆਨਵਾਨ ਸੀ, ਉਸਨੂੰ ਸਤਸੰਗ ਦਾ ਪ੍ਰੇਮ ਸੀ, ਉਸਨੂੰ ਨੇਕੀ ਤੇ ਬਦੀ ਅਤੇ ਭਲੇ ਭੁਰੇ ਬੀ ਵਿਚਾਰ ਤੇ ਪਰਖ ਸੀ, ਉਹ ਜਾਣਦੀ ਸੀ, ਮਾਲ ਦੌਲਤ ਰਾਜ ਹਕੂਮਤ ਰੂਪ ਰੰਗ ਏਹ ਅਸਥਿਰ ਰਹਿਣ ਵਾਲੀਆਂ ਚੀਜਾਂ ਨਹੀਂ ਹਨ, ਅੱਜ ਹਨ ਕੱਲ ਨਹੀਂ। ਕੱਲ ਨਹੀਂ ਸਨ ਅੱਜ ਹਨ, ਇਨ੍ਹਾਂ ਦਾ ਕੋਈ ਭਰੋਸਾ ਨਹੀਂ। ਏਸ ਵਾਸਤੇ ਓਹ ਘਰ ਦੇ ਸਾਰੇ ਕੰਮ ਕਾਜ ਵਿਚ ਨੌਕਰਾਣੀਆਂ ਨਾਲ ਮਿਲਕੇ ਕੰਮ ਕਾਜ ਕਰਦੀ, ਵੇਹਲੇ ਵਕਤ ਵਿਚ ਪੁਰਾਣੇ ਬਜ਼ੁਰਗਾਂ ਦੇ ਕਾਰਨਾਮੇ ਪੜ੍ਹਦੀ, ਸਤਿ ਸੰਗਤ ਅੰਦਰ ਜਾਂਦੀ, ਕਥਾ ਵਾਰਤਾ ਸੁਣਦੀ, ਏਸ ਕਰਕੇ ਇਸ ਦਾ ਆਚਰਨ ਸੁੱਧ ਅਤੇ ਸਾਦੇ ਭਗੀਕੇ ਦਾ ਸੀ, ਇਹ ਸਦਾ ਆਪਨੇ ਜੀਵਨ ਨੂੰ ਵੱਧ ਤੋਂ ਵੱਧ ਸਾਦਾ ਬਨਾ ਰਹੀ ਸੀ ਅਤੇ ਪ੍ਰਮੇਸ਼ਵਰ ਪਰਾਇਣ ਬੁੱਧੀ ਦਿਨੋ ਦਿਨ ਭਗਤੀ ਭਾਵ ਨੂੰ ਭਰੋਸੇ ਸਹਿਤ ਗ੍ਰਹਿਨ ਕਰਕੇ ਭਗਤੀ ਦਾ ਸਰੂਪ ਹੀ ਬਣਦੀ ਜਾ ਰਹੀ ਸੀ, ਸੀਵਨ ਪ੍ਰੋਵਨ ਤੇ ਕਸੀਦਾ ਆਦਿਕ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.